ਇਮੀਗ੍ਰੇਸ਼ਨ ਡਿਫੈਂਸ ਪ੍ਰੋਜੈਕਟ ਕਮਿਊਨਿਟੀ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸੀਈ) ਗ੍ਰਿਫਤਾਰੀਆਂ ਦੀ ਨਿਗਰਾਨੀ ਕਰਦਾ ਆ ਰਿਹਾ ਹੈ।

# ਆਈਸੀਈ ਨਾਲ ਆਪਣੇ ਹੱਕਾਂ (ਅਧਿਕਾਰਾਂ) ਨੂੰ ਪਛਾਣੋ।




## ਆਈਸੀਈ ਦੁਆਰਾ ਗ੍ਰਿਫਤਾਰ ਕੀਤੇ ਜਾਣ ਦਾ ਜੋਖਮ ਕਿਸ ਨੂੰ ਹੈ?

**ਕਾਨੂੰਨ ਸੰਘੀ ਸਰਕਾਰ ਨੂੰ ਕੁਝ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿੱਚ ਨਿਮਨਲਿਖਿਤ ਲੋਕ ਸ਼ਾਮਲ ਹਨ:**

- ਬਿਨਾਂ ਕਿਸੇ ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਤੋਂ ਕੋਈ ਵੀ
- ਖਾਸ ਸਥਿਕਤੀ ਵਾਲੇ ਲੋਕ (ਜਿਵੇਂ ਕਿ ਕਾਨੂੰਨੀ ਸਥਾਈ ਨਿਵਾਸੀ, ਸ਼ਰਨਾਰਥੀ ਅਤੇ ਵੀਜ਼ਾ ਧਾਰਕ) ਜਿਨ੍ਹਾਂ ਤੇ ਕੁਝ ਅਪਰਾਧਿਕ ਦੋਸ਼ / ਸਜ਼ਾਵਾਂ ਹੋਣ।

**ਸੰਘੀ ਸਰਕਾਰ ਆਈਸੀਈ ਨੂੰ ਇਹ ਨਿਰਦੇਸ਼ ਦਿੰਦੀ ਹੈ ਕਿ ਉਹਨਾਂ ਨੂੰ ਗ੍ਰਿਫਤਾਰੀ ਲਈ ਕਿਸ ਨੂੰ ਨਿਸ਼ਾਨਾ ਬਣਾਉਣਾ ਹੈ। ਆਈਸੀਈ ਅਧਿਕਾਰੀ ਉਹਨਾਂ ਲੋਕਾਂ ਦੀ ਗ੍ਰਿਫਤਾਰੀ ਨੂੰ ਤਰਜੀਹ ਦੇਣ ਦਾ ਫੈਸਲਾ ਕਰਨਗੇ ਜਿਹਨਾਂ ਦਾ ਉਹ ਦਾਅਵਾ ਕਰਦੇ ਹਨ:**

- ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਨਾ
- 1 ਨਵੰਬਰ, 2020 ਨੂੰ ਜਾਂ ਇਸ ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਏ ਹੋਣ, ਜਾਂ
- "ਜਨਤਕ ਸੁਰੱਖਿਆ" ਲਈ ਮੌਜੂਦਾ ਖਤਰਾ ਪੈਦਾ ਕਰਨਾ। ਆਈਸੀਈ ਇਨ੍ਹਾਂ ਦੇ ਕਾਰਕਾਂ 'ਤੇ ਵਿਚਾਰ ਕਰੇਗਾ ਜਿਵੇਂ ਕਿ:
  - ਪੁਲਿਸ ਦੁਆਰਾ ਕਿਸੇ ਵਿਅਕਤੀ ਦੇ ਤਾਜ਼ਾ ਅਪਰਾਧਿਕ ਮਾਮਲੇ ਅਤੇ ਗ੍ਰਿਫਤਾਰੀਆਂ
  - ਹਥਿਆਰਾਂ ਜਾਂ ਇਸ ਨਾਲਸ ਬੰਧਤ ਕੋਈ ਵੀ ਦੋਸ਼

ਇਹ ਤਰਜੀਹਾਂ ਨੂੰ ਬਾਇਡਨ ਪ੍ਰਸ਼ਾਸਨ ਦੇ ਅਧੀਨ ਦੋ ਵਾਰ ਬਦਲਿਆ ਗਿਆ ਹੈ ਅਤੇ ਦੁਬਾਰਾ ਵੀ ਬਦਲਿਆ ਜਾ ਸਕਦਾ ਹੈ। ਭਾਵੇਂ ਤੁਹਾਨੂੰ ਵਿਸ਼ਵਾਸ ਹੈ ਕ ਕਿ ਤੁਸੀਂ ਤਰਜੀਹਾਂ ਵਿੱਚ ਨਹੀਂ ਆਉਂਦੇ, ਜੇਕਰ ਤੁਸੀਂ ਦੇਸ਼ ਨਿਕਾਲੇ ਦੇ ਪੱਖੋਂ ਕਮਜ਼ੋਰ ਹੋ ਤਾਂ ਤੁਹਾਨੂੰ ਆਈਸੀਈ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਸਕਦਾ ਹੈ।

### ਉਨ੍ਹਾਂ ਲੋਕ ਜਿਨ੍ਹਾਂ ਕੋਲ ਕਾਨੂੰਨੀ ਰੁਤਬਾ ਹੈ ਅਤੇ ਪੁਰਾਣੇ ਦੋਸ਼ਾਂ ਹੋਣ।

**ਧਿਆਨ ਰੱਖੋ**: ਤੁਸੀਂ ਇੱਕ ਨਿਸ਼ਾਨਾ ਹੋ ਸਕਦੇ ਹੋ ਭਾਵੇਂ:

- ਤੁਹਾਡਾ ਦੋਸ਼ / ਸਜ਼ਾ ਕਈ ਸਾਲ ਪਹਿਲਾਂ ਦੀ ਹੈ;
- ਤੁਸੀਂ ਜੇਲ੍ਹ ਵਿੱਚ ਸਮਾਂ ਨਹੀਂ ਗੁਜ਼ਾਰਿਆ;
- ਤੁਹਾਡਾ ਕੇਸ ਮਾਮੂਲੀ ਜਾਂ ਕੁਕਰਮ ਸੀ;
- ਤੁਸੀਂ ਕਾਫ਼ੀ ਲੰਬੇ ਸਮੇਂ ਤੋਂ ਸਥਾਈ ਕਾਨੂੰਨੀ ਨਿਵਾਸੀ ਰਹੇ ਹੋ; ਅਤੇ/ਜਾਂ
- ਤੁਹਾਡੇ ਪਰਿਵਾਰ ਦੇ ਬਾਕੀ ਸਾਰੇ ਮੈਂਬਰ ਅਮਰੀਕਾ ਦੇ ਨਾਗਰਿਕ ਹਨ।

ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਸੰਘੀ ਸਰਕਾਰੀ ਏਜੰਸੀਆਂ ਵਿੱਚੋਂ ਇੱਕ ਹੈ ਜੋ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਜ਼ਿੰਮੇਵਾਰ ਹੈ। ਆਈਸੀਈ ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ (ਡੀਐੱਚਐਸ) ਦਾ ਹਿੱਸਾ ਹੈ।

## ਕੀ ਆਈਸੀਈ ਏਜੰਟ ਅਜਿਹੇ ਕਿਸੇ ਵਿਅਕਤੀ ਨਾਲ ਸੰਪਰਕ ਕਰ ਰਹੇ ਹਨ ਜਿਸ ਬਾਰੇ ਉਹ ਸੋਚਦੇ ਹਨ ਕਿ ਉਹ ਦੇਸ਼ ਨਿਕਾਲਾ ਦੇ ਸਕਦੇ ਹਨ?

ਆਈਸੀਈ ਏਜੰਟ ਆਮ ਤੌਰ 'ਤੇ ਅਜਿਹੇ ਵਿਅਕਤੀ ਦੀ ਪਛਾਣ ਕਰਦੇ ਹਨ ਜਿਸ ਨੂੰ ਉਹ ਸਮੇਂ ਤੋਂ ਪਹਿਲਾਂ ਗ੍ਰਿਫਤਾਰ ਕਰਨਾ ਚਾਹੁੰਦੇ ਹਨ। ਫਿਰ, ਉਹ ਉਸ ਵਿਅਕਤੀ ਨੂੰ ਲੱਭਣ ਲਈ ਘਰਾਂ, ਕੋਰਟ ਹਾਊਸ, ਆਸਰਾ-ਘਰਾਂ ਅਤੇ ਇੱਥੋਂ ਤੱਕ ਕਿ ਕੰਮ ਵਾਲੀਆਂ ਥਾਵਾਂ 'ਤੇ ਵੀ ਜਾਂਦੇ ਹਨ। ਕਈ ਵਾਰੀ ਉਹ ਗ੍ਰਿਫਤਾਰੀ ਕਰਨ ਲਈ ਸੜਕ 'ਤੇ ਉਡੀਕ / ਨਾਕੇਬੰਦੀ ਵੀ ਕਰ ਸਕਦੇ ਹਨ।

## ਜੇਕਰ ਮੈਨੂੰ ਪਤਾ ਲੱਗ ਜਾਵੇ ਕਿ ਮੈਂ ਜ਼ੋਖਮ 'ਤੇ ਹਨ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਜੇਕਰ ਤੁਸੀਂ ਆਈਸੀਈ ਅਧਿਕਾਰੀਆਂ ਦੁਆਰਾ ਗ੍ਰਿਫ਼ਤਾਰ ਕੀਤੇ ਜਾਂਦੇ ਹੋ ਤਾਂ ਆਪਣੇ ਅਜ਼ੀਜ਼ਾਂ ਨਾਲ **ਇੱਕ ਯੋਜਨਾ ਬਣਾਓ!**
- ਇਮੀਗ੍ਰੇਸ਼ਨ ਅਧਿਕਾਰੀ ਦੇ ਸੰਪਰਕ 'ਚ ਆਉਣ ਤੋਂ ਬਚੋ - ਬਿਨਾਂ ਆਪਣੇ ਵਕੀਲ ਦੀ ਸਲਾਹ ਦੇ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਬਦਲਣ ਜਾਂ ਆਪਣੇ ਗ੍ਰੀਨਕਾਰਡ ਨੂੰ ਨਵਿਆਉਣ ਲਈ ਅਰਜ਼ੀ ਨਾ ਦਿਓ ਅਤੇ ਅਤੇ ਨਾ ਹੀ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਯਾਤਰਾ ਨਾ ਕਰੋ!
- **ਅਪਰਾਧ ਨਿਆਂ ਪ੍ਰਣਾਲੀ (ਕ੍ਰਿਮਿਨਲ ਜਸਟਿਸ ਸਿਸਟਮ ਨਾਲ ਸੰਪਰਕ ਤੋਂ ਬਚੋ** - ਪੁਲਿਸ ਤੁਹਾਡੇ ਉਂਗਲਾਂ ਦੇ ਨਿਸ਼ਾਨ ਇਮੀਗ੍ਰੇਸ਼ਨ ਨਾਲ ਸਾਂਝੇ ਕਰ ਸਕਦੀ ਹੈ।

## ਜੇਕਰ ਤੁਸੀਂ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਦੇਸ਼ ਨਿਕਾਲੇ ਦਾ ਖਤਰਾ ਹੈ, ਤਾਂ ਇੱਕ ਯੋਜਨਾ ਦੀ ਤਿਆਰੀ ਕਰਕੇ ਰੱਖੋ !

ਇਹ ਜਾਣਨਾ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਹਾਡੇ ਕੋਲ ਕਿਹੜੇ ਅਧਿਕਾਰ ਹਨ ਅਤੇ ਉਹਨਾਂ ਦੀ ਵਰਤੋਂ ਕਰਨਾ ਕਿੰਨਾ ਕੁ ਗੁੰਝਲਦਾਰ ਹੈ।

ਆਈਸੀਈ ਕਮਿਊਨਿਟੀ ਗ੍ਰਿਫਤਾਰੀਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **immigrantdefenseproject.org/ice-arrests** 'ਤੇ ਆਈਡੀਪੀ ਦਾ ਕਿਤਾਬਚਾ ਦੇਖੋ ਜਾਂ **KYR@immdefense.org** 'ਤੇ ਸੰਪਰਕ ਕਰੋ।

ਜੇਕਰ ਤੁਸੀਂ ਨਿਊਯਾਰਕ ਸ਼ਹਿਰ (ਐਨਵਾਈਸੀ) ਦੇ ਅੰਦਰ ਛਾਪੇ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਆਈਡੀਪੀ ਨੂੰ 212-725-6422 'ਤੇ ਕਾਲ ਕਰ ਸਕਦੇ ਹੋ।

ਇਹ ਸਮੱਗਰੀ ਜਾਣਕਾਰੀ ਦੇ ਉਦੇਸ਼ਾਂ ਲਈ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਕਾਨੂੰਨੀ ਸਲਾਹ ਸ਼ਾਮਲ ਨਹੀਂ ਹੁੰਦੀ। ਚਿੱਤਰ ਅਤੇ ਸਮੱਗਰੀ © 2021
Licensed under a Creative Commons Attribution-NonCommercial 4.0 Intl. License. (creativecommons.org/licenses/by-nc/4.0)

## ਜੇਕਰ ਆਈਸੀਈ ਏਜੰਟ ਸੜਕ 'ਤੇ ਜਾਂ ਜਨਤਕ ਤੌਰ 'ਤੇ ਮੇਰੇ ਨਾਲ ਨਾਲ ਸੰਪਰਕ ਕਰਦੇ ਹਨ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜਦੋਂ ਆਈਸੀਈ ਏਜੰਟ ਜਨਤਕ ਤੌਰ 'ਤੇ ਕਿਸੇ ਨੂੰ ਗ੍ਰਿਫਤਾਰ ਕਰਦੇ ਹਨ (ਜਾਂ ਕਿਸੇ ਕਾਰ ਨੂੰ ਰੋਕਣ ਤੋਂ ਬਾਅਦ), ਇਹ ਆਮ ਤੌਰ 'ਤੇ ਇੱਕ ਦਮ ਹੁੰਦਾ ਹੈ। ਉਹ ਤੁਹਾਡਾ ਨਾਮ ਉੱਚੀ ਅਵਾਜ਼ ਵਿੱਚ ਪੁਕਾਰ ਸਕਦੇ ਹਨ ਅਤੇ ਤੁਹਾਨੂੰ ਤੁਹਾਡੇ ਨਾਮ ਦੀ ਪੁਸ਼ਟੀ ਕਰਨ ਲਈ ਕਹਿ ਸਕਦੇ ਹਨ ਅਤੇ ਫਿਰ ਤੁਹਾਨੂੰ ਹਿਰਾਸਤ ਵਿੱਚ ਲੈ ਸਕਦੇ ਹਨ।

- ਆਪਣਾ ਨਾਮ ਜਾਂ ਹੋਰ ਕੁਝ ਕਹਿਣ ਤੋਂ ਪਹਿਲਾਂ, ਪੁੱਛੋ, **"ਕੀ ਮੈਂ ਜਾਣ ਲਈ ਆਜ਼ਾਦ ਹਾਂ?"**
  - **ਜੇਕਰ ਉਹ ਹਾਂ ਕਹਿੰਦੇ ਹਨ**: ਕਹੋ, "ਮੈਂ ਤੁਹਾਡੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦਾ" ਜਾਂ "ਮੈਂ ਇਸ ਵੇਲੇ ਤੁਹਾਡੇ ਨਾਲ ਗੱਲ ਨਹੀਂ ਕਰਾਂਗਾ।" ਅਤੇ ਚਲੇ ਜਾਓ।
  - **ਜੇਕਰ ਉਹ ਨਾਂਹ ਕਹਿੰਦੇ ਹਨ:** ਚੁੱਪ ਰਹਿਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰੋ! ਕਹੋ, "ਮੈਂ ਸਵਾਲਾਂ ਦੇ ਜਵਾਬ ਨਾ ਦੇਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨਾ ਚਾਹੁੰਦਾ ਹਾਂ" ਅਤੇ ਫਿਰ ਕਹੋ ਕਿ "ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੁੰਦਾ ਹਾਂ।"
- ਜੇਕਰ ਤੁਹਾਡੀਆਂ ਜੇਬਾਂ ਜਾਂ ਸਮਾਨ ਦੇ ਅੰਦਰ ਤਲਾਸ਼ੀ ਲੈਣੀ ਸ਼ੁਰੂ ਕਰਦੇ ਹਨ, ਤਾਂ ਕਹੋ, **"ਮੈਂ ਤੁਹਾਨੂੰ ਆਪਣੀ ਤਲਾਸ਼ੀ ਲੈਣ ਦੀ ਇਜ਼ਾਜਤ ਨਹੀਂ ਦਿੰਦਾ।"**
- **ਝੂਠ ਨਾ ਬੋਲੋ ਜਾਂ ਝੂਠੇ ਦਸਤਾਵੇਜ਼ ਨਾ ਦਿਖਾਓ। ਨਾ ਹੀ ਭੱਜੋ ਜਾਂ ਅਤੇ ਨਾ ਗ੍ਰਿਫਤਾਰੀ ਦਾ ਵਿਰੋਧ ਨਾ ਕਰੋ।**
- ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਤੁਹਾਡਾ ਜਨਮ ਕਿੱਥੇ ਹੋਇਆ, ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਨਾ ਦਿਓ। ਉਹ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਦੀ ਵਰਤੋਂ ਤੁਹਾਡੇ ਵਿਰੁੱਧ ਕਰ ਸਕਦੇ ਹਨ। ਕੋਈ ਵੀ ਵਿਦੇਸ਼ੀ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਕੌਂਸਲਰ ਪਹਿਚਾਨ ਪੱਤਰ, ਜਾਂ ਮਿਆਦ ਪੁੱਗਾ ਚੁੱਕੇ ਵੀਜ਼ਾ ਉਨ੍ਹਾਂ ਨੂੰ ਨਾ ਦਿਓ।
- ਜੇਕਰ ਤੁਸੀਂ ਤਾਰੀਖ਼ ਲਈ ਅਪਰਾਧਿਕ ਅਦਾਲਤ ਵਿੱਚ ਹੋ, ਤਾਂ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਆਪਣੇ ਵਕੀਲ ਨਾਲ ਗੱਲ ਕਰਨ ਲਈ ਕਹੋ ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਲੈ ਜਾਣ।

## ਜੇਕਰ ਅਧਿਕਾਰੀ ਮੇਰੇ ਘਰ ਆ ਜਾਂਦੇ ਹਨ, ਤਾਂ ਕੀ ਮੈਨੂੰ ਪਤਾ ਲੱਗੇਗਾ ਕਿ ਉਹ ਆਈਸੀਈ ਤੋਂ ਹਨ?

ਹਮੇਸ਼ਾ ਨਹੀਂ! ਸਾਵਧਾਨ ਰਹੋ: ਆਈਸੀ ਏਜੰਟ ਅਕਸਰ ਪੁਲਿਸ ਦੇ ਰੂਪ ਵਿੱਚ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਉਹ ਤੁਹਾਡੇ ਨਾਲ ਪਛਾਣ ਦੀ ਚੋਰੀ ਜਾਂ ਚੱਲ ਰਹੀ ਜਾਂਚ ਬਾਰੇ ਗੱਲ ਕਰਨਾ ਚਾਹੁਣ ਦੀ ਲਈ ਕਹਿੰਦੇ ਹਨ।



## ਕੀ ਆਈਸੀਈ ਦੇ ਏਜੰਟ ਮੇਰੀ ਗ੍ਰਿਫਤਾਰੀ ਲਈ ਮੇਰੇ ਘਰ ਵਿੱਚ ਦਾਖਲ ਹੋ ਸਕਦੇ ਹਨ?

ਜੇਕਰ ਏਜੰਟਾਂ ਕੋਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨਹੀਂ ਹਨ, ਤਾਂ ਉਹ ਕਿਸੇ ਬਾਲਗ ਵਿਅਕਤੀ ਨੂੰ ਉਸਦੀ ਇਜਾਜ਼ਤ ਤੋਂ ਬਿਨਾਂ ਘਰ ਵਿੱਚ ਦਾਖਲ ਨਹੀਂ ਹੋ ਸਕਦੇ ਹਨ। ਦਰਵਾਜ਼ਾ ਖੜਕਾਉਣਾ ਉਨ੍ਹਾਂ ਨੂੰ ਤੁਹਾਡੇ ਘਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੰਦਾ।

## ਸੋ, ਜੇਕਰ ਅਧਿਕਾਰੀ ਮੇਰੇ ਦਰਵਾਜ਼ੇ 'ਤੇ ਹਨ ਤਾਂ ਮੈਂ ਕੀ ਕਰਾਂ?

- ਇਹ ਪਤਾ ਕਰੋ ਕਿ ਉਹ ਡੀਐੱਚਐੱਸ ਤੋਂ ਹਨ ਜਾਂ ਆਈਸੀਈ ਤੋਂ।
- ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। ਨਿਮਰ ਬਣੋ। ਝੂਠ ਨਾ ਬੋਲੋ। **ਕਹੋ "ਮੈਂ ਇਸ ਵੇਲੇ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ।"**
- ਨਿਮਰਤਾ ਨਾਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨੂੰ ਦੇਖਣ ਲਈ ਇਸ ਨੂੰ ਦਰਵਾਜ਼ੇ ਦੇ ਹੇਠਾਂ ਖਿਸਕਾਉਣ ਲਈ ਕਹੋ। ਜੇ ਉਹਨਾਂ ਕੋਲ ਅਜਿਹਾ ਕੁਝ ਨਹੀਂ ਹੈ, ਤਾਂ ਉਹਨਾਂ ਨੂੰ ਅੰਦਰ ਆਉਣ ਦੇਣ ਤੋਂ ਇਨਕਾਰ ਕਰੋ।
- ਜੇਕਰ ਉਹ ਕਿਸੇ ਹੋਰ ਨੂੰ ਲੱਭ ਰਹੇ ਹਨ, ਤਾਂ **ਉਹਨਾਂ ਨੂੰ ਸੰਪਰਕ ਜਾਣਕਾਰੀ ਛੱਡਣ ਲਈ ਕਹੋ।** ਤੁਹਾਨੂੰ ਉਹਨਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਵਿਅਕਤੀ ਕਿੱਥੇ ਲੱਭਣਾ ਹੈ ਅਤੇ **ਤੁਹਾਨੂੰ ਝੂਠ ਨਹੀਂ ਬੋਲਣਾ ਚਾਹੀਦਾ।**

## ਜੇਕਰ ਆਈਸੀਈ ਗ੍ਰਿਫਤਾਰੀ ਲਈ ਮੇਰੇ ਘਰ ਦੇ ਅੰਦਰ ਹੋਣ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਉਹਨਾਂ ਨੂੰ ਦੱਸੋ ਜੇਕਰ ਘਰ ਵਿੱਚ ਬੱਚੇ ਜਾਂ ਹੋਰ ਕਮਜ਼ੋਰ ਸਿਹਤ ਵਾਲੇ ਪਰਿਵਾਰਕ ਮੈਂਬਰ ਹਨ।
- ਜੇਕਰ ਉਹਨਾਂ ਕੋਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨਾ ਹੋਣ ਤਾਂ ਉਹਨਾਂ ਨੂੰ ਬਾਹਰ ਜਾਣ ਲਈ ਕਹੋ
- ਜੇਕਰ ਉਹ ਤੁਹਾਡੀ ਇਜਾਜ਼ਤ ਤੋਂ ਬਿਨਾਂ ਅੰਦਰ ਆਏ ਹਨ, ਤਾਂ ਉਹਨਾਂ ਨੂੰ ਕਹੋ **"ਮੈਂ ਆਪਣੇ ਘਰ ਵਿੱਚ ਤੁਹਾਡੀ ਮੌਜੂਦਗੀ ਨਾਲ ਸਹਿਮਤ ਨਹੀਂ ਹਾਂ। ਕਿਰਪਾ ਕਰਕੇ ਇਥੋਂ ਜਾਓ।"**
- ਜੇਕਰ ਉਹ ਤੁਹਾਡੇ ਘਰ ਦੇ ਕਮਰਿਆਂ ਜਾਂ ਚੀਜ਼ਾਂ ਦੀ ਤਲਾਸ਼ੀ ਲੈਣਾ ਸ਼ੁਰੂ ਕਰ ਦਿੰਦੇ ਹਨ ਹਨ, ਤਾਂ ਉਹਨਾਂ ਨੂੰ ਕਹੋ, **"ਮੈਂ ਤੁਹਾਡੇ ਵੱਲੋਂ ਲਈ ਜਾ ਰਹੀ ਤਲਾਸ਼ੀ ਨਾਲ ਸਹਿਮਤ ਨਹੀਂ ਹਾਂ।"**
- ਜੇਕਰ ਆਈਸੀਈ ਅਧਿਕਾਰੀ ਤੁਹਾਨੂੰ ਗ੍ਰਿਫਤਾਰ ਕਰ ਰਹੇ ਹਨ, ਤਾਂ ਉਹਨਾਂ ਨੂੰ ਦੱਸੋ ਕਿ ਕੀ ਤੁਹਾਨੂੰ ਡਾਕਟਰੀ ਸਮੱਸਿਆਵਾਂ ਹਨ ਜਾਂ ਬੱਚਿਆਂ ਦੀ ਦੇਖਭਾਲ ਲਈ ਪ੍ਰਬੰਧ ਕਰਨ ਦੀ ਲੋੜ ਹੈ।

## ਜੇਕਰ ਮੈਨੂੰ ਆਈਸੀਈ ਦੁਆਰਾ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਤਾਂ ਮੇਰੇ ਅਧਿਕਾਰ ਕੀ ਹਨ?

- ਤੁਹਾਨੂੰ ਚੁੱਪ ਰਹਿਣਾ ਹੋਵੇਗਾ। **ਤੁਹਾਨੂੰ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ।**
- ਝੂਠ ਨਾ ਬੋਲੋ। ਇਹ ਭਵਿੱਖ ਵਿੱਚ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਤੁਹਾਨੂੰ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਹੈ ਜਿਵੇਂ ਕਿ ਕਿ ਤੁਸੀਂ ਕਿੱਥੇ ਪੈਦਾ ਹੋਏ ਸੀ, ਤੁਹਾਡੀ ਇਮੀਗ੍ਰੇਸ਼ਨ ਸਥਿਤੀ ਕੀ ਹੈ, ਜਾਂ ਤੁਹਾਡਾ ਅਪਰਾਧਿਕ ਰਿਕਾਰਡ। ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਕਿਸੇ ਵਕੀਲ ਨਾਲ ਗੱਲ ਕਰਨ ਲਈ ਕਹੋ।
- **ਤੁਹਾਨੂੰ ਉਹਨਾਂ ਨੂੰ ਆਪਣੇ ਕੌਂਸਲਰ ਦਸਤਾਵੇਜ਼ ਜਾਂ ਪਾਸਪੋਰਟ ਦੇਣ ਦੀ ਲੋੜ ਨਹੀਂ ਹੈ ਜਦੋਂ ਤੱਕ ਉਹਨਾਂ ਕੋਲ ਜੱਜ ਦਾ ਦਸਤਖਤ ਕੀਤਾ ਕੋਈ ਵਾਰੰਟ ਨਾਂ ਹੋਵੇ।**
- **ਤੁਹਾਨੂੰ ਕਿਸੇ ਵੀ ਦਸਤਾਵੇਜ਼ 'ਤੇ ਦਸਤਖਤ ਕਰਨ ਦੀ ਲੋੜ ਨਹੀਂ ਹੈ।**

**ਆਈਡੀਪੀ ਨੇ ਇਸ ਜਾਣਕਾਰੀ ਨੂੰ ਨਵੰਬਰ 2021 ਵਿੱਚ ਨਵਪੂਰਤ ਕੀਤਾ। ਵਧੇਰੇ ਜਾਣਕਾਰੀ ਲਈ ਆਈਡੀਪੀ ਦੀ ਲੰਬਾ ਕਿਤਾਬਚਾ immigrantdefenseproject.org/ice-arrests 'ਤੇ ਦੇਖੋ**

IMMIGRANT DEFENSE PROJECT
www.immigrantdefenseproject.org
KYR@immdefense.org